ਪੰਜਾਬ ਸਕੂਲ ਸਿੱਖਿਆ ਬੋਰਡ

ਸੂਚਨਾ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2026-27 ਲਈ ਅੱਠਵੀਂ ਸ਼੍ਰੇਣੀ ਦੇ ਅਜਿਹੇ ਵਿਦਿਆਰਥੀਆਂ ਜਿੰਨ੍ਹਾਂ ਨੂੰ ਹੇਠਲੀ ਸ਼੍ਰੇਣੀ ਵਿੱਚ ਪੰਜਾਬ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਸੀ, ਪ੍ਰੰਤੂ ਉਹਨਾਂ ਵੱਲੋਂ ਆਨ-ਲਾਈਨ ਰਜਿਸਟ੍ਰੇਸ਼ਨ ਫਾਰਮ A1 ਵਿੱਚ ਐਂਟਰੀ ਕਰਦੇ ਸਮੇਂ ਭਰਿਆ ਨਹੀ ਗਿਆ ਹੈ, ਇਸ ਸਬੰਧੀ ਅਪਡੇਸ਼ਨ ਕਰਨ ਲਈ ਮਿਤੀ 30-11-2026 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਰਜਿਸਟ੍ਰੇਸ਼ਨ ਨੰਬਰ ਅਪਡੇਟ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ :-

(1) ਸੈਸ਼ਨ 2026-27 ਦਾ ਸਕੂਲ ਲਾਗ-ਇੰਨ ਕਰੋ।

(2) ਸਕੂਲ ਲਾਗ-ਇੰਨ ਵਿੱਚ Middle Registration Updation ਨਾਂ ਦਾ ਲਿੰਕ ਸ਼ੋਅ ਹੋਵੇਗਾ।

(3) ਇਸ ਲਿੰਕ ਉੱਤੇ ਕਲਿੱਕ ਕਰਨ ਉਪਰੰਤ ਉਹਨਾਂ ਸਾਰੇ ਵਿਦਿਆਰਥੀਆਂ ਦੀ ਸੂਚੀ ਸ਼ੋਅ ਹੋਵੇਗੀ, ਜਿੰਨ੍ਹਾਂ ਦੇ ਰਜਿਸਟ੍ਰੇਸ਼ਨ ਨੰਬਰ ਸਕੂਲ ਵੱਲੋਂ ਨਹੀ ਭਰੇ ਗਏ ਹਨ।

(4) ਜਿਸ ਵਿਦਿਆਰਥੀ ਦੇ ਰਜਿਸਟ੍ਰੇਸ਼ਨ ਨੰਬਰ ਦੀ ਅਪਡੇਸ਼ਨ ਕਰਨੀ ਹੈ, ਉਸਦੇ ਨਾਂ ਅੱਗੇ ਲੱਗੇ Radio Button ਨੂੰ Select ਕੀਤਾ ਜਾਵੇ ।

(5) ਇਸ ਲਿੰਕ ਤੇ ਕਲਿੱਕ ਕਰਨ ਉਪਰੰਤ ਵਿਦਿਆਰਥੀ ਦਾ ਰਜਿਸਟ੍ਰੇਸ਼ਨ ਨੰਬਰ ਸਕੂਲ ਵੱਲੋਂ ਮੈਨੂਅਲ ਤੌਰ ਤੇ ਭਰਨਾ ਪਵੇਗਾ। ਇਸ ਰਜਿਸਟ੍ਰੇਸ਼ਨ ਨੰਬਰ ਨੂੰ ਸਕੂਲ ਮੁਖੀ ਜਾਂ ਅਧਿਆਪਕ ਵੱਲੋਂ ਬਹੁਤ ਧਿਆਨ ਪੂਰਵਕ ਭਰਿਆ ਜਾਵੇ।

(6) ਇਸ ਉਪਰੰਤ Update ਬਟਨ ਤੇ ਕਲਿੱਕ ਕੀਤਾ ਜਾਵੇ।

(7) Update ਬਟਨ ਤੇ ਕਲਿੱਕ ਕਰਨ ਉਪਰੰਤ ਵਿਦਿਆਰਥੀ ਦਾ ਰਜਿਸਟ੍ਰੇਸ਼ਨ ਨੰਬਰ Update ਹੋ ਜਾਵੇਗਾ। Updated ਰਜਿਸਟ੍ਰੇਸ਼ਨ ਨੰਬਰ ਨੂੰ A1 ਫਾਰਮ ਵਿੱਚ ਵੇਖਿਆ/ਚੈੱਕ ਕੀਤਾ ਜਾ ਸਕਦਾ ਹੈ।

ਨੋਟ :- ਸਕੂਲ ਨੂੰ ਵਿਦਿਆਰਥੀ ਦਾ ਰਜਿਸਟ੍ਰੇਸ਼ਨ ਨੰਬਰ ਅਪਡੇਟ ਕਰਨ ਦਾ ਇੱਕ ਹੀ ਮੌਕਾ ਦਿੱਤਾ ਜਾਵੇਗਾ। ਕਿਸੇ ਵਿਦਿਆਰਥੀ ਦੇ ਰਜਿਸਟ੍ਰੇਸ਼ਨ ਨੰਬਰ ਦੀ ਇੱਕ ਵਾਰ ਅਪਡੇਸ਼ਨ ਹੋਣ ਉਪਰੰਤ, ਜੇਕਰ ਦੁਬਾਰਾ ਰਜਿਸਟ੍ਰੇਸ਼ਨ ਨੰਬਰ ਵਿੱਚ ਸੋਧ ਕਰਨ ਦੀ ਲੋੜ ਪੈਂਦੀ ਹੈ, ਤਾਂ ਇਹ ਸੋਧ ਕੇਵਲ ਨਿਰਧਾਰਤ ਅਪਡੇਸ਼ਨ ਪ੍ਰੋਫਾਰਮਾ ਰਾਹੀਂ ਹੀ ਕੀਤੀ ਜਾ ਸਕੇਗੀ , ਜਿਸ ਲਈ ਨਿਰਧਾਰਤ ਬਣਦੀ ਫੀਸ ਅਦਾ ਕਰਨੀ ਲਾਜ਼ਮੀ ਹੋਵੇਗੀ। ਇਸ ਲਈ ਸਕੂਲ ਮੁਖੀ/ਅਧਿਆਪਕ ਰਜਿਸਟ੍ਰੇਸ਼ਨ ਨੰਬਰ ਅਪਡੇਟ ਕਰਦੇ ਸਮੇਂ ਵਿਸ਼ੇਸ਼ ਸਾਵਧਾਨੀ ਵਰਤਣ । ਜੇਕਰ ਕਿਸੇ ਵਿਦਿਆਰਥੀ ਦੀ ਲੋੜੀਂਦੀ ਅਪਡੇਸ਼ਨ ਕਰਨ ਤੋਂ ਰਹਿ ਜਾਂਦੀ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ।

ਸੁਪਰਡੰਟ (ਰਜਿਸਟ੍ਰੇਸ਼ਨ)